GENERAL SHIVDEV SINGH DIWAN GURBACHAN SINGH

# KHALSA COLLEGE PATIALA

## AN AUTONOMOS COLLEGE

SAHIT SABHA

PUNJABI DEPATMENT

Students Attendance in Co-curricular Activities

Session – 2018-19

Name of Activity - Face-to-face program (Parminder Sodhi poet)
Coordinator -Prof.Paramjit Kaur
Convener - Dr.Jaswinder Singh
Date - 28. Jan. 2019
No. of the Students Participated – 45








ਖ਼ਾਲਸਾ ਕਾਲਜ ਪਟਿਆਲਾ
ਰੂ-ਬ-ਰੂ
ਪ੍ਰਸਿੱਧ ਪੰਜਾਬੀ ਲੇਖਕ ਤੇ ਕਵੀ
ਪਰਮਿੰਦਰ ਸੋਢੀ (ਜਪਾਨ)
ਮਿਤੀ: 28-01-2019
ਵੱਲੋਂ
ਪੰਜਾਬੀ ਵਿਭਾਗ
ਖ਼ਾਲਸਾ ਕਾਲਜ ਪਟਿਆਲਾ



ਸਮਾਗਮ ਦੌਰਾਨ ਉੱਘੇ ਕਵੀ ਪ੍ਰਮਿੰਦਰ ਸੋਢੀ ਨੂੰ ਸਨਮਾਨਿਤ ਕਰਦੇ ਹੋਏ ਕਾਲਜ ਪ੍ਰਿੰਸੀਪਲ ਡਾ. ਧਰਮਿੰਦਰ ਸਿੰਘ ਉੱਭਾ, ਪੰਜਾਬੀ ਵਿਭਾਗ ਦੇ ਮੁਖੀ ਤੇ ਅਧਿਆਪਕ ਸਾਹਿਬਾਨ। ਅਜੀਤ ਤਸਵੀਰ

# ਖ਼ਾਲਸਾ ਕਾਲਜ ਨੇ ਪ੍ਰਮਿੰਦਰ ਸੋਢੀ ਨਾਲ ਰੂ-ਬਰੂ ਸਮਾਗਮ ਕਰਵਾਇਆ

ਪਟਿਆਲਾ, 28 ਜਨਵਰੀ (ਗੁਰਪ੍ਰੀਤ ਸਿੰਘ ਚੱਠਾ)- ਖ਼ਾਲਸਾ ਕਾਲਜ ਪਟਿਆਲਾ ਦੇ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਵਲੋਂ ਪ੍ਰਸਿੱਧ ਪੰਜਾਬੀ ਕਵੀ ਪ੍ਰਮਿੰਦਰ ਸੋਢੀ ਨਾਲ ਰੂ-ਬਰੂ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਦੌਰਾਨ ਜਪਾਨ ਤੋਂ ਉਚੇਚੇ ਤੌਰ 'ਤੇ ਆਏ ਕਵੀ ਪਰਮਿੰਦਰ ਸੋਢੀ ਨੇ ਆਪਣੇ ਸਾਹਿਤਕ ਸਫ਼ਰ ਨਾਲ ਜਾਣ-ਪਛਾਣ ਕਰਵਾਉਂਦਿਆਂ ਹੋਇਆ ਆਪਣੇ ਜਪਾਨੀ ਜੀਵਨ ਅਨੁਭਵ ਬਾਰੇ ਵਿਚਾਰ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਪੰਜਾਬੀ ਬਾਹਰਮੁਖੀ ਸੁਭਾਅ ਦੇ ਹਨ ਜਦਕਿ ਜਪਾਨੀ ਅੰਤਰਮੁਖੀ ਸੁਭਾਅ ਵਾਲੇ ਹਨ। ਉਨ੍ਹਾਂ ਜਪਾਨੀਆਂ ਦੀ ਸੁਧਾਰਨ ਜੀਵਨ ਜਾਚ 'ਤੇ ਚਰਚਾ ਕਰਦਿਆਂ ਜਪਾਨੀਆਂ ਦੀ ਸਖ਼ਤ ਮਿਹਨਤ ਅਤੇ ਸਕੂਨ ਭਰੀ ਜ਼ਿੰਦਗੀ ਬਾਰੇ ਵਿਸਥਾਰ 'ਚ ਦੱਸਿਆ। ਉਨ੍ਹਾਂ ਜਪਾਨੀ ਸੱਭਿਆਚਾਰ ਵਿਚਲੀ ਦੇਸ਼-ਭਗਤੀ, ਕੰਮ ਪ੍ਰਤੀ ਦ੍ਰਿੜ੍ਹਤਾ, ਨਿਮਰਤਾ, ਸਾਦਗੀ ਅਤੇ ਸੰਜਮ ਵਰਗੇ ਗੁਣਾਂ ਬਾਰੇ ਉਦਾਹਰਨਾਂ ਸਹਿਤ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਪੰਜਾਬੀ ਸੱਭਿਆਚਾਰ ਅਮੀਰ ਸੱਭਿਆਚਾਰ ਹੈ ਪਰ ਕੁਝ ਕੁ ਗੱਲਾਂ ਜਪਾਨੀ ਸੱਭਿਆਚਾਰ 'ਚ ਇਹੋ ਜਿਹੀਆਂ ਹਨ, ਜਿਹੜੀਆਂ ਸਾਨੂੰ ਸੰਜਮ ਭਰੀ ਜ਼ਿੰਦਗੀ ਜਿਊਣ ਲਈ ਅਪਣਾ ਲੈਣੀਆਂ ਚਾਹੀਦੀਆਂ ਹਨ। ਉਨ੍ਹਾਂ ਨੇ ਮਾਤ ਭਾਸ਼ਾ ਦੀ ਮਹੱਤਤਾ ਅਤੇ ਲੋੜ ਬਾਰੇ ਵੀ ਚਾਨਣਾ ਪਾਇਆ। ਉਨ੍ਹਾਂ ਇਹ ਵੀ ਕਿਹਾ ਕਿ ਇਨਸਾਨ ਨੂੰ ਪਹਿਲਾਂ ਆਪਣੀ ਮਾਂ-ਬੋਲੀ 'ਚ ਪਰਪੱਕ ਹੋਣਾ ਚਾਹੀਦਾ ਹੈ ਤੇ ਫਿਰ ਦੂਸਰੀਆਂ ਭਾਸ਼ਾਵਾਂ ਸਿੱਖਣੀਆਂ ਚਾਹੀਦੀਆਂ ਹਨ। ਕਾਲਜ ਪ੍ਰਿੰਸੀਪਲ ਡਾ. ਧਰਮਿੰਦਰ ਸਿੰਘ ਉੱਭਾ ਨੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਆਖਿਆ। ਉਨ੍ਹਾਂ ਕਿਹਾ ਕਿ ਪ੍ਰਮਿੰਦਰ ਸੋਢੀ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਨਾਮਵਰ ਸ਼ਖ਼ਸੀਅਤ ਹਨ ਜੋ ਪੰਜਾਬੀਆਂ ਲਈ ਰੋਲ ਮਾਡਲ ਹਨ ਅਤੇ ਜਪਾਨ ਵਿਚ ਰਹਿ ਕੇ ਪੰਜਾਬੀ ਕਵਿਤਾ, ਵਾਰਤਕ ਅਤੇ ਅਨੁਵਾਦ ਦੇ ਖੇਤਰ 'ਚ ਉੱਘਾ ਯੋਗਦਾਨ ਪਾ ਰਹੇ ਹਨ। ਵਿਭਾਗ ਦੇ ਮੁਖੀ ਪ੍ਰੋ. ਪਰਮਜੀਤ ਕੌਰ ਨੇ ਸਾਰਿਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਾਨੂੰ ਜ਼ਿੰਦਗੀ ਵਿਚ ਕੁਝ ਸਿੱਖਣ ਜਾਂ ਪ੍ਰਾਪਤ ਕਰਨ ਲਈ ਰੋਲ ਮਾਡਲ ਦੀ ਜ਼ਰੂਰਤ ਹੁੰਦੀ ਹੈ। ਇਸ ਮੌਕੇ ਵਿਦਿਆਰਥੀਆਂ ਨੇ ਪ੍ਰਮਿੰਦਰ ਸੋਢੀ ਨਾਲ ਸੰਵਾਦ ਵੀ ਰਚਾਇਆ। ਡਾ. ਸਰਬਜੀਤ ਸਿੰਘ ਨੇ ਬਾਖ਼ੂਬੀ ਮੰਚ ਦਾ ਸੰਚਾਲਨ ਕੀਤਾ।